ਪਿੰਡ ਤੱਖਰਾ ਵਿਖੇ ਵਿਧਾਇਕ ਵੱਲੋ ਲੋਕਾਂ ਦੀਆ ਸਮਸਿਆਵਾਂ ਪੁੱਛਦੇ ਹੋਏ ਲਾਲ ਮੰਗਤ ਰਾਏ ਤੇ ਹੋਰ। ਫੋਟੋ; (ਬੋਬੀ ਖੋਸਲਾ)

ਅਕਾਲੀ ਦਲ ਹੁਣ ਤੋਂ ਹੀ ਚੋਣਾਂ ਲਈ ਸਰਗਰਮ ਤੇ ਨਾਲ ਹੀ ਗੁਰਦੁਆਰਾ ਕਮੇਟੀ ਚੋਣਾਂ ਦਾ ਲਾਹਾ

ਕੂੰਮਕਲਾ 04 ਮਾਰਚ (ਬੋਬੀ ਖੋਸਲਾ) ਵਿਧਾਨ ਸਭਾ ਹਲਕਿਆ ਦੀ ਰਦੋਬਦਲ ਹੋਣ ਉਪਰੰਤ ਨਵੀ ਹੋਈ ਹਲਕਾ ਬੰਦੀ ਵਿਚ ਸੰਭਾਵਿਤ ਉਮਦੀਵਾਰਾ ਤੇ ਉਹਨ੍ਹਾ ਦੇ ਅਗਲੇ ਕਰਿੰਦਿਆ ਨੇ ਹੁਣ ਤੋ ਹੀ ਲੋਕਾ ਨਾਲ ਜੁੜਨਾ ਸ਼ੁਰੂ ਕਰ ਦਿੱਤਾ ਹੈ। ਹਲਕਾ ਕੂੰਮ-ਕਲਾ ਦੇ ਇੱਕੋ-ਇੱਕ ਸ਼ਹਿਰ ਮਾਛੀਵਾੜਾ ਤੇ ਕੁਝ ਪਿੰਡ ਹੁਣ ਨਵੇ ਸਮਰਾਲਾ ਹਲਕੇ ਵਿਚ ਪੈਣ ਕਾਰਨ ਵਿਧਾਇਕ ਜਗਜੀਵਨ ਸਿੰਘ ਖੀਰਨੀਆ ਦੀ ਅਗਵਾਈ ਵਿਚ ਉਨ੍ਹਾ ਦੇ ਪੀ ਏ ਤੇ ਕੌਸ਼ਲਰ ਮੰਗਤ ਰਾਏ ਸਮਰਾਲਾ ਨੇ ਮੀਟਿੰਗਾ ਕਰਕੇ ਲੋਕਾ ਦੀਆ ਦੁੱਖ ਤੇ ਸੁੱਖ ਵਿਚ ਸਰੀਕ ਹੋ ਕੇ ਪਿੰਡ ਪਧੱਰ ਦੀਆ ਸਮਸਿਆਵਾ ਸੁਣ ਕੇ ਤੇ ਕੁਝ ਛੋਟੀਆ ਸੱਮਸਿਆਵਾ ਦਾ ਮੌਕੇ ਤੇ ਨਿਪਟਾਰਾ ਕਰਕੇ ਪਿੰਡ-ਪਿੰਡ ਦੌਰਾ ਸ਼ੁਰੂ ਕਰ ਦਿੱਤਾ ਹੈ। ਅੱਜ ਪਿੰਡ ਤੱਖਰਾ ਵਿਖੇ ਲਾਲਾ ਮੰਗਤ ਰਾਏ ਨੇ ਦੱਸਿਆ ਕਿ ਹੁਣ ਤੱਕ ਮਾਛੀਵਾੜਾ ਤੇ ਮਾਗਟ ਬਲਾਕ ਦੇ ਕਰੀਬ 110 ਪਿੰਡਾ ਦਾ ਦੌਰਾ ਕਰ ਚੁੱਕੇ ਹਾ। ਸ਼੍ਰੋਮਣੀ ਕਮੇਟੀ ਚੋਣਾ ਦੇ ਨੇੜੇ ਹੋਣ ਕਾਰਨ ਨਾਲ-ਨਾਲ ਸਿੱਖ ਵੋਟਰਾ ਨੂੰ ਵੀ ਮਿਲਿਆ ਜਾ ਰਿਹਾ ਹੈ ਕਿਉਕਿ ਵਿਧਾਇਕ ਦੇ ਪਿਤਾ ਜੱਥੇਦਾਰ ਕ੍ਰਿਪਾਲ ਸਿੰਘ ਖੀਰਨੀਆ ਇਸ ਹਲਕੇ ਤੋ ਕਮੇਟੀ ਮੈਬਰ ਵੀ ਹਨ ਤੇ ਆਉਣ ਵਾਲੀਆ ਕਮੇਟੀ ਚੋਣਾ ਵਿਚ ਸੰਭਾਵਿਤ ਉਮੀਦਵਾਰ ਵੀ ਨੇ ਇਸ ਮੌਕੇ ਅਜਮੇਰ ਸਿੰਘ ਪ੍ਰਧਾਨ ਗੁਰਦੁਆਰਾ ਕਮੇਟੀ,ਜਸਦੇਵ ਸਿੰਘ,ਗੁਰਦੇਵ ਸਿੰਘ,ਦਲੀਪ ਸਿੰਘ,ਅਵਤਾਰ ਸਿੰਘ ਨੰਬਰਦਾਰ, ਦਵਿੰਦਰ ਨਾਗਰਾ,ਰਾਜਿੰਦਰ ਸਿੰਘ ਰਾਜਾ,ਸੰਤ ਸਿੰਘ,ਸੁਖਦੇਵ ਸਿੰਘ,ਕੁਲਵੰਤ ਸਿੰਘ, ਹਰਦੀਪ ਸਿੰਘ ਵੀ ਮੌਜੂਦ ਸਨ।

ਮਹਿੰਗਾਈ ਵਿਰੁੱਧ ਕੇਂਦਰ ਸਰਕਾਰ ਦਾ ਪੁਤਲਾ ਸਾੜਿਆ

ਰੂੜੇਕੇ ਕਲਾਂ, 4 ਮਾਰਚ (ਡਾ. ਬਿੰਦੀ)-ਸੀ.ਪੀ.ਆਈ. (ਐਮ.ਐਲ.) ਲਿਬਰੇਸ਼ਨ ਵੱਲੋਂ ਅੱਜ ਡਿਪਟੀ ਕਮਿਸ਼ਨਰ ਬਰਨਾਲਾ ਦੇ ਦਫਤਰ ਅੱਗੇ ਸਰਕਾਰ ਦਾ ਪੁਤਲਾ ਸਾੜਿਆ ਗਿਆ। ਇਸ ਮੌਕੇ ਬੋਲਦਿਆਂ ਸੂਬਾ ਆਗੂ ਗੁਰਪ੍ਰੀਤ ਸਿੰਘ ਰੂੜੇਕੇ ਨੇ ਕਿਹਾ ਕਿ ਕੇਂਦਰ ਸਰਕਾਰ ਦੇ ਪੇਸ਼ ਹੋਏ ਬੱਜਟ ਤੋਂ ਸਪੱਸ਼ਟ ਹੋ ਗਿਆ ਹੈ ਕਿ ਉਸ ਦੇ ਦਿਲ ਵਿੱਚ ਗਰੀਬ ਲੋਕਾਂ ਲਈ ਕੋਈ ਦਰਦ ਨਹੀਂ ਹੈ। ਉਨ੍ਹਾਂ ਕਿਹਾ ਕਿ ਸਰਕਾਰ 95 ਪ੍ਰਤੀਸ਼ਤ ਲੋਕਾਂ ਦਾ ਗਲਾ ਘੁੱਟ ਰਹੀ ਹੈ ਅਤੇ ਮਹਿੰਗਾਈ ਦਿਨੋਂ-ਦਿਨ ਵੱਧ ਰਹੀ ਹੈ, ਉਨ੍ਹਾਂ ਪੰਜਾਬ ਅੰਦਰ ਵਾਪਰੀਆਂ ਤਾਜ਼ਾ ਘਟਨਾਵਾਂ ਦੀ ਨਿੰਦਿਆ ਕੀਤੀ ਅਤੇ ਕਿਹਾ ਕਿ ਇਹ ਘਟਨਾਵਾਂ ਕਰਵਾਉਣੀਆਂ ਕਾਂਗਰਸ ਅਤੇ ਅਕਾਲੀ ਦਲ ਦੀ ਅਣਸਰਦੀ ਲੋੜ ਹੈ, ਜੋ ਲੋਕਾਂ ਦਾ ਧਿਆਨ ਆਮ ਮੁੱਦਿਆਂ ਤੋਂ ਹਟਾ ਕੇ ਉਨ੍ਹਾਂ ਨੂੰ ਆਪਸ ਵਿੱਚ ਲੜਾਇਆ ਜਾ ਸਕੇ ਤੇ ਇਸ ਬਹਾਨੇ ਸਰਕਾਰ ਦੀਆਂ ਨੀਤੀਆਂ ਦੇ ਖਿਲਾਫ ਜਨਤਾ ਵਿੱਚ ਉਠ ਰਹੇ ਗੁੱਸੇ ਨੂੰ ਅੱਤਵਾਦੀ ਜਾ ਮਾਓਵਾਦੀ ਕਹਿ ਕੇ ਦਬਾਇਆ ਹੈ। ਇਸ ਮੌਕੇ ਮਜ਼ਦੂਰ ਮੁਕਤੀ ਮੋਰਚਾ ਦੇ ਕਾਮਰੇਡ ਰੂਪ ਸਿੰਘ, ਹਰਚਰਨ ਸਿੰਘ, ਖਾਨੂ ਰਾਮ ਮੈਂਬਰ, ਰੋਡੀ, ਰੂੜੇਕੇ ਮੋਹਨ ਸਿੰਘ (ਸਾਥੀ ਔਰਤ ਆਗੂ ਲਈ ਲਾਲੀ ਕੌਰ ਮਾਈਆ ਕੌਰ, ਪਾਲ ਕੌਰ, ਕਰਮਜੀਤ ਕੌਰ, ਮੁਖਤਿਆਰ ਸਿੰਘ ਮਹਿਰਾ ਹਾਜ਼ਰ ਸਨ।

ਸਿੱਖਾਂ ਦੀ ਕਾਲੀ ਸੂਚੀ ਦੇ ਖਾਤਮੇ ਲਈ ਬਾਦਲ ਸਰਕਾਰ ਵੱਲੋਂ ਕੇਂਦਰ ਨੂੰ ਸਹਿਯੋਗ ਨਾ ਦੇਣਾ ਨਿੰਦਣਯੋਗ-ਭਾਈ ਨਿਮਾਣਾ

ਲੁਧਿਆਣਾ, 4 ਮਾਰਚ (ਰਾਜ ਜੋਸ਼ੀ)-ਸਿੱਖਾਂ ਦੀ ਕਾਲੀ ਸੂਚੀ ਖਤਮ ਕਰਾਉਣ ਅਤੇ ਸਿੱਖਾਂ ਨੂੰ ਵਿਦੇਸ਼ਾਂ ਦੀ ਧਰਤੀ ਤੋਂ ਆਪਣੇ ਵਤਨ ਭਾਰਤ ਲਿਆਉਣ ਦੇ ਸੰਬੰਧ ਵਿੱਚ ਸ਼੍ਰੋਮਣੀ ਖਾਲਸਾ ਪੰਚਾਇਤ (ਰਜਿ.) ਦੀ ਉੱਚ ਪੱਧਰੀ ਮੀਟਿੰਗ ਅਮਰਪੁਰਾ, ਲੁਧਿਆਣਾ ਵਿਖੇ ਹੋਈ, ਜਿਸ ਵਿੱਚ ਭਾਈ ਜੋਗਿੰਦਰ ਸਿੰਘ ਫੌਜੀ ਤਰਨ ਤਾਰਨ, ਮਨਿੰਦਰ ਸਿੰਘ ਮੁਕਤਸਰ, ਚਰਨਜੀਤ ਸਿੰਘ ਖਾਲਸਾ, ਭਾਈ ਦਵਿੰਦਰ ਸਿੰਘ ਹਰੀਏਵਾਲ ਅਤੇ ਲੁਧਿਆਣਾ ਸ਼ਹਿਰੀ ਦੇ ਕਨਵੀਨਰ ਭੁਪਿੰਦਰ ਸਿੰਘ ਨਿਮਾਣਾ ਸ਼ਾਮਿਲ ਹੋਏ। ਮੀਟਿੰਗ ਵਿੱਚ ਸਿੱਖਾਂ ਦੀ ਕਾਲੀ ਸੂਚੀ ਖਤਮ ਕਰਵਾਉਣ ਲਈ ਪੰਜਾਬ ਦੀ ਬਾਦਲ ਸਰਕਾਰ ਵੱਲੋਂ ਭਾਰਤ ਸਰਕਾਰ ਨੂੰ ਸਹਿਯੋਗ ਨਾ ਦੇਣ ਦੀ ਨਿਖੇਧੀ ਕੀਤੀ। ਮੀਟਿੰਗ ਦੀ ਕਾਰਵਾਈ ਪ੍ਰੈੱਸ ਨੂੰ ਜਾਰੀ ਕਰਦਿਆਂ ਭੁਪਿੰਦਰ ਸਿੰਘ ਨਿਮਾਣਾ ਨੇ ਕਿਹਾ ਕਿ ਜੋ ਪ੍ਰਕਾਸ਼ ਸਿੰਘ ਬਾਦਲ ਵੱਲੋਂ ਸਿੱਖਾਂ ਦੀ ਕਾਲੀ ਸੂਚੀ ਖਤਮ ਕਰਵਾਉਣ ਲਈ ਟਾਲ-ਮਟੋਲ ਵਾਲੀ ਨੀਤੀ ਅਪਨਾਈ ਜਾ ਰਹੀ ਹੈ, ਉਸ ਤੋਂ ਬਾਜ਼ ਆਇਆ ਜਾਵੇ। ਸ੍ਰ. ਨਿਮਾਣਾ ਨੇ ਕਿਹਾ ਕਿ ਜਿਸ ਤਰ੍ਹਾਂ ਕਸ਼ਮੀਰ ਦੀ ਫਰੂਕ ਅਬਦੁਲਾ ਸਰਕਾਰ ਵੱਲੋਂ ਕਸ਼ਮੀਰੀ ਨੌਜਵਾਨਾਂ ਦੀ ਘਰ ਵਾਪਸੀ ਲਈ ਭਾਰਤ ਸਰਕਾਰ ਨੂੰ ਸਿਫਾਰਸ਼ ਕਰਕੇ ਸੂਚੀ ਬਣਾ ਕੇ ਦਿੱਤੀ ਹੈ, ਇਸੇ ਹੀ ਤਰਜ ਤੇ ਪੰਜਾਬ ਦੀ ਪ੍ਰਕਾਸ਼ ਸਿੰਘ ਬਾਦਲ ਦੀ ਸਰਕਾਰ ਨੂੰ ਵੀ ਖਾੜਕੂਵਾਦ ਦੌਰਾਨ ਵਿਦੇਸ਼ੀ ਗਏ ਸਿੱਖਾਂ ਦੀ ਕਾਲੀ ਸੂਚੀ ਖਤਮ ਕਰਵਾਉਣ ਲਈ ਭਾਰਤ ਸਰਕਾਰ ਨੂੰ ਸਿਫਾਰਿਸ਼ ਕਰੇ ਅਤੇ ਉਨ੍ਹਾਂ ਸਿੱਖ ਨੌਜਵਾਨਾਂ ਦੀ ਸੂਚੀ ਬਣਾ ਕੇ ਭਾਰਤ ਸਰਕਾਰ ਨੂੰ ਭੇਜੇ ਤਾਂ ਜੋ ਕਸ਼ਮੀਰੀ ਨੌਜਵਾਨਾਂ ਦੀ ਤਰ੍ਹਾਂ ਪੰਜਾਬ ਦੇ ਸਿੱਖ ਨੌਜਵਾਨਾਂ ਨੂੰ ਵੀ ਆਪਣੇ ਘਰ ਵਾਪਸੀ ਅਤੇ ਦੇਸ਼ ਦੀ ਮੁੱਖ ਧਾਰਾ ਵਿੱਚ ਸ਼ਾਮਿਲ ਹੋਣ ਦਾ ਹੱਕ ਦਿੱਤਾ ਜਾਵੇ। ਸ੍ਰ. ਨਿਮਾਣਾ ਨੇ ਕਿਹਾ ਕਿ ਦੇਸ਼ ਨੂੰ ਅਜ਼ਾਦ ਕਰਵਾਉਣ ਲਈ ਦੇਸ਼ ਭਗਤ ਸਿੱਖਾਂ ਨੇ 80 ਪ੍ਰਤੀਸ਼ਤ ਤੋਂ ਵੱਧ ਕੁਰਬਾਨੀਆਂ ਦੇ ਕੇ ਆਪਣੀ ਦੇਸ਼ ਭਗਤੀ ਦਾ ਸਬੂਤ ਦਿੱਤਾ। ਖਾਲਸਾ ਪੰਚਾਇਤ ਨੇ ਸਮੁੱਚੇ ਦੇਸ਼ ਭਗਤੀ ਨੂੰ ਬਾਦਲ ਦੀਆਂ ਦੋਹਰੀਆਂ ਨੀਤੀਆਂ ਤੋਂ ਸਾਵਧਾਨ ਰਹਿਣ ਲਈ ਕਿਹਾ ਕਿਉਂ ਜੋ ਇੱਕ ਪਾਸੇ ਪ੍ਰਕਾਸ਼ ਸਿੰਘ ਬਾਦਲ ਤੇ ਸੁਖਬੀਰ ਬਾਦਲ ਸਿੱਖਾਂ ਦੀ ਕਾਲੀ ਸੂਚੀ ਖਤਮ ਕਰਾਉਣ ਦੀ ਗੱਲ ਕਰਦੇ ਹਨ ਤੇ ਦੂਜੇ ਪਾਸੇ ਗ੍ਰਹਿ ਵਿਭਾਗ ਸੁਖਬੀਰ ਬਾਦਲ ਕੋਲ ਹੋਣ ਕਰਕੇ ਪੰਜਾਬ ਦੀਆਂ ਖੁਫੀਆ ਏਜੰਸੀਆਂ ਵੀ ਵਿਦੇਸ਼ੀ ਗਏ ਸਿੱਖਾਂ ਦੀ ਕਾਲੀ ਸੂਚੀ ਖਤਮ ਕਰਾਉਣ ਲਈ ਉਨ੍ਹਾਂ ਨੂੰ ਕਲੀਨ ਚਿੱਟ ਦੇਣ ਲਈ ਸੁਖਬੀਰ ਦੇ ਇਸ਼ਾਰੇ ਤੇ ਟਾਲ-ਮਟੋਲ ਕਰਕੇ ਡੰਗ ਟਪਾਉਣ ਦੀ ਕੋਸ਼ਿਸ਼ ਕਰ ਰਹੇ ਹਨ, ਜੋ ਕਿ ਅਤਾ ਨਿੰਦਣਯੋਗ ਹੈ।

ਚੰਡੀਗੜ੍ਹ ਵਿਖੇ 9 ਮਾਰਚ ਦੇ ਸੂਬਾ ਪੱਧਰੀ ਰੋਸ ਪ੍ਰਦਰਸ਼ਨ ਸੰਬੰਧੀ ਵਿਚਾਰਾਂ

ਬੁਢਲਾਡਾ, 4 ਮਾਰਚ (ਦਵਿੰਦਰ ਸਿੰਘ ਕੋਹਲੀ)-ਪੰਜਾਬ ਸੁਬਾਰਡੀਨੇਟ ਸਰਵਸਿਜ਼ ਫੈਡਰੇਸ਼ਨ ਖੱਟੜਾ ਦੀ ਅਹਿਮ ਮੀਟਿੰਗ ਸਰਕਾਰੀ ਸੈਕੰਡਰੀ ਸਕੂਲ ਕੰਨਿਆ ਬੁਢਲਾਡਾ ਵਿਖੇ ਹੋਈ। ਮੀਟਿੰਗ ਦੌਰਾਨ ਪੰਜਾਬ ਮੁਲਾਜ਼ਮ ਸੰਘਰਸ਼ ਕਮੇਟੀ ਦੇ ਸੱਦੇ 'ਤੇ ਚੰਡੀਗੜ੍ਹ ਵਿਖੇ ਹੋਣ ਵਾਲੇ 9 ਮਾਰਚ ਦੇ ਸੂਬਾ ਪੱਧਰੀ ਰੋਸ ਪ੍ਰਦਰਸ਼ਨ ਸੰਬੰਧੀ ਵਿਚਾਰ-ਵਟਾਂਦਰਾ ਕੀਤਾ ਗਿਆ। ਉਕਤ ਮੀਟਿੰਗ ਨੂੰ ਸੰਬੋਧਨ ਕਰਦਿਆਂ ਪ.ਸ.ਸ.ਫ. ਦੇ ਜ਼ਿਲ੍ਹਾ ਪ੍ਰਧਾਨ ਸੁਖਦੇਵ ਰਾਮ ਸ਼ਰਮਾ, ਜਰਨੈਲ ਸਿੰਘ ਗੋਬਿੰਦਪੁਰਾ, ਮਾਸਟਰ ਬਲਵੀਰ ਭਾਦੜਾ, ਪ੍ਰਿੰ. ਹਰਜੀਤ ਸਿੰਘ ਅਤੇ ਮਾਸਟਰ ਨੱਥੂ ਰਾਮ ਨੇ ਆਪਣੇ ਸੰਬੋਧਨ ਦੌਰਾਨ ਮੌਜੂਦਾ ਸਰਕਾਰ ਸਮੇਂ ਮੁਲਾਜ਼ਮ ਵਰਗ ਦੀ ਦਿਨੋਂ-ਦਿਨ ਵੱਧ ਰਹੀ ਖੱਜਲ ਖੁਆਰੀ ਪ੍ਰਤੀ ਚਿੰਤਾ ਦਾ ਪ੍ਰਗਟਾਵਾ ਕੀਤਾ। ਇਸ ਮੌਕੇ ਦੇਸ ਰਾਜ, ਸੁਰਿੰਦਰ ਕੁਮਾਰ, ਦਰਸ਼ਨ ਸਿੰਘ ਮੱਲ ਸਿੰਘ ਵਾਲਾ ਅਤੇ ਬਿੱਕਰ ਸਹੋਤਾ ਨੇ ਪੰਜਾਬ ਸਰਕਾਰ ਤੋਂ ਅਧਿਆਪਕਾਂ, ਨਰਸਿੰਗ ਸਟਾਫ਼, ਪੁਲਿਸ ਕਰਮਚਾਰੀਆਂ, ਜੰਗਲਾਤ ਵਿਭਾਗ ਦੇ ਕਾਮਿਆਂ ਨੂੰ ਪੇ ਕਮਿਸ਼ਨ ਦੇ ਸਿਫਾਰਸ਼ ਕੀਤੇ ਵੇਤਨ ਦੇਣ, ਮੈਡੀਕਲ ਭੱਤਾ 1000 ਰੁਪਏ ਮਹੀਨਾ ਕਰਨ, ਪੀ.ਆਰ.ਆਈ. ਸਕੂਲਾਂ ਨੂੰ ਸਿੱਖਿਆ ਵਿਭਾਗ ਵਿੱਚ ਤਬਦੀਲ ਕਰਨ, ਵਰਕਚਾਰਜ ਅਤੇ ਠੇਕਾ ਅਧਾਰਤ ਕੰਮ ਕਰਦੇ ਵੱਖ-ਵੱਖ ਮਹਿਕਮਿਆਂ ਦੇ ਕਰਮਚਾਰੀਆਂ ਨੂੰ ਪੱਕਾ ਕਰਨ ਦੀ ਸਰਕਾਰ ਤੋਂ ਪੁਰਜ਼ੋਰ ਮੰਗ ਕੀਤੀ। ਉਕਤ ਸੰਬੰਧੀ ਜਾਣਕਾਰੀ ਮੁਲਾਜ਼ਮ ਆਗੂ ਸੁਰਜੀਤ ਸਿੰਘ ਪ੍ਰਮਾਰ ਅਤੇ ਮਾਸਟਰ ਰਜਿੰਦਰ ਬੁਢਲਾਡਾ ਨੇ ਪ੍ਰੈੱਸ ਨੂੰ ਰਿਲੀਜ਼ ਕੀਤੀ।

ਪੁਲਿਸ ਦੀ ਛਤਰ ਛਾਇਆ ਦੇ ਬਾਵਜੂਦ ਦੁਕਾਨਾਂ ਦੇ ਤਾਲੇ ਟੁੱਟੇ

ਨੂਰਪੁਰ ਬੇਦੀ, 4 ਮਾਰਚ (ਬਲਵਿੰਦਰ ਰੈਤ)- ਲੰਘੀ ਰਾਤ ਨੂੰ ਪੁਲਿਸ ਚੌਂਕੀ ਕਲਮਾਂ ਮੋੜ ਦੇ ਬਿਲਕੁਲ ਨਜ਼ਦੀਕ ਚੋਰਾਂ ਵੱਲੋਂ ਦੋ ਦੁਕਾਨਾਂ ਦੇ ਤਾਲੇ ਤੋੜ ਕੇ ਹਜ਼ਾਰਾਂ ਰੁਪਏ ਚੋਰੀ ਕਰਨ ਦਾ ਸਮਾਚਾਰ ਮਿਲਿਆ ਹੈ। ਇਸ ਸੰਬੰਧੀ ਜਾਣਕਾਰੀ ਦਿੰਦਿਆਂ ਕਰਿਆਨਾ ਸਟੋਰ ਦੇ ਮਾਲਕ ਨੰਬਰਦਾਰ ਮਿਹਰ ਸਿੰਘ ਨੇ ਦੱਸਿਆ ਕਿ ਹੋਲੇ ਮਹੱਲੇ ਮੌਕੇ ਸਾਰੀ ਰਾਤ ਸੰਗਤਾਂ ਦੀਆਂ ਟਰੈਕਟਰ ਟਰਾਲੀਆਂ ਤੇ ਹੋਰ ਵਾਹਨਾਂ ਆਨੰਦਪੁਰ ਸਾਹਿਬ ਜਾਣ ਤੇ ਪੁਲਿਸ ਚੌਂਕੀ ਦੇ ਬਿਲਕੁਲ ਸਾਹਮਣੇ ਚੋਰਾਂ ਵੱਲੋਂ ਸ਼ਰੇਆਮ ਦੁਕਾਨਾਂ ਦੇ ਤਾਲੇ ਤੋੜੇ ਨਕਦੀ ਚੋਰੀ ਕੀਤੀ ਗਈ। ਜਦੋਂ ਇਸ ਸੰਬੰਧੀ ਪੁਲਿਸ ਚੌਂਕੀ ਵਿਖੇ ਤਾਇਨਾਤ ਪੁਲਿਸ ਕਰਮਚਾਰੀਆਂ ਨੂੰ ਦੱਸਿਆ ਗਿਆ ਤਾਂ ਉਨ੍ਹਾਂ ਨੇ ਚੋਰਾਂ ਨੂੰ ਫੜਨ ਦੀ ਬਜਾਏ ਹੱਸ ਕੇ ਸਾਰ ਦਿੱਤਾ। ਨੰਬਰਦਾਰ ਮਿਹਰ ਸਿੰਘ ਨੇ ਦੱਸਿਆ ਕਿ ਚੋਰਾਂ ਵੱਲੋਂ ਉਨ੍ਹਾਂ ਦੀ ਦੁਕਾਨ ਦਾ ਤਾਲਾ ਤੋੜ ਕੇ ਗਲੇ ਵਿੱਚ ਪਈ ਪੰਜ ਸੌ ਦੀ ਨਕਦੀ ਤੇ ਦੋ ਡੱਬੇ ਰੈਡ ਐਂਡ ਵਾਈਟ ਤੇ ਫੋਰ ਸਕੇਅਰ ਸਿਗਰਟਾਂ ਦੇ ਚੋਰੀ ਕੀਤੇ, ਜਦੋਂ ਕਿ ਦੁਕਾਨ ਵਿੱਚ ਪਿਆ ਟੈਲੀਫੋਨ ਸੈੱਟ ਦੁਕਾਨ ਦੇ ਬਾਹਰ ਸੁਟ ਗਏ। ਦੂਜੀ ਚੋਰੀ ਨਾਲ ਲੱਗਦੀ ਦੁਕਾਨ ਵਿੱਚ ਬੀਤੀ ਗਈ। ਮੋਚੀ ਦੀ ਦੁਕਾਨ ਦੇ ਮਾਲਕ ਮਾਸਟਰ ਛੱਜੂ ਰਾਮ ਨੇ ਦੱਸਿਆ ਕਿ ਉਨ੍ਹਾਂ ਆੜ੍ਹਤੀ ਨੂੰ ਦੇਣ ਲਈ ਲੱਗਭੱਗ ਛੇ ਹਜ਼ਾਰ ਰੁਪਏ ਦੁਕਾਨ 'ਚ ਰੱਖੇ ਸਨ। ਜੋ ਚੋਰਾਂ ਨੇ ਚੋਰੀ ਕਰ ਲਏ। ਇੱਥੇ ਦੱਸਣਯੋਗ ਹੈ ਕਿ ਪਿਛਲੇ ਲੰਮੇ ਸਮੇਂ ਤੋਂ ਇਸ ਖੇਤਰ ਵਿੱਚ ਚੋਰੀਆਂ ਦਾ ਸਿਲਸਿਲਾ ਲਗਾਤਾਰ ਜਾਰੀ ਹੈ, ਪਰ ਪੁਲਿਸ ਚੋਰਾਂ ਨੂੰ ਫੜਨ ਵਿੱਚ ਹਾਲੇ ਤੱਕ ਨਕਾਮ ਰਹੀ ਹੈ। ਦੂਜੇ ਪਾਸੇ ਪੁਲਿਸ ਚੌਂਕੀ ਦੇ ਇੰਚਾਰਜ ਗੁਰਮੁੱਖ ਸਿੰਘ ਨੇ ਦੱਸਿਆ ਕਿ ਚੋਰ ਨੂੰ ਜਲਦੀ ਗ੍ਰਿਫਤਾਰ ਕਰ ਲਿਆ ਜਾਵੇਗਾ।

ਸ਼ੋਕ ਸਮਾਚਾਰ

ਕੁਹਾੜਾ 4 ਮਾਰਚ (ਗੁਰਨਾਮ) ਗੁਰੂ ਨਾਨਕ ਦੇਵ ਐਜੂਕੇਸ਼ਨ ਟਰੱਸਟ ਲੁਧਿਆਣਾ ਦੇ ਸਾਬਕਾ ਸਕੱਤਰ ਪ੍ਰੋ: ਹਰਚਰਨ ਸਿੰਘ ਹੀਰਾਂ ਨੂੰ ਉਸ ਸਮੇ ਭਾਰੀ ਸਦਮਾ ਪੁੱਜਿਆ, ਜਦੋਂ ਉਹਨਾਂ ਦੇ ਛੋਟੇ ਭਰਾ ਜੱਥੇਦਾਰ ਸੁਰਜੀਤ ਸਿੰਘ ਬੀਮਾਰੀ ਉਪਰੰਤ ਸਵਰਗਵਾਸ ਹੋ ਗਏ। ਜੱਥੇਦਾਰ ਸੁਰਜੀਤ ਸਿੰਘ ਨਮਿੱਤ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪਾਠ ਦੇ ਭੋਗ ਹੀਰਾਂ ਪਿੰਡ ਵਿੱਚ 7 ਮਾਰਚ ਦਿਨ ਐਤਵਾਰ ਨੂੰ ਬਾਅਦ ਦੁਪਹਿਰ ਦੋ ਵਜੇ ਪੈਣਗੇ।

ਅੱਖਾਂ ਦੇ ਮੁਫਤ ਕੈਂਪ 'ਚ ਢਾਈ ਸੌ ਮਰੀਜ਼ਾਂ ਦੀ ਜਾਂਚ

ਪਿੰਡ ਦਰਾਜ ਵਿਖੇ ਲਗਾਏ ਅੱਖਾ ਦੇ ਮੁਫਤ ਕੈਂਪ ਦੇ ਦ੍ਰਿਸ਼ ਫੋਟੋ ਯਾਦੂ ਭੁੱਲਰ

ਤਪਾ ਮੰਡੀ, 4 ਮਾਰਚ (ਯਾਦੂ ਭੁੱਲਰ)-ਨੇੜਲੇ ਪਿੰਡ ਦਰਾਜ ਦੀ ਧਰਮਸ਼ਾਲਾ ਵਿਖੇ ਮਾਰਕੀਟ ਕਮੇਟੀ ਤਪਾ ਦੇ ਚੇਅਰਮੈਨ ਗੁਰਜੰਟ ਸਿੰਘ ਧਾਲੀਵਾਲ ਤੇ ਗ੍ਰਾਮ ਪੰਚਾਇਤ ਦੇ ਸਹਿਯੋਗ ਨਾਲ ਅੱਖਾਂ ਦੇ ਮੁਫਤ ਚੈੱਕਅੱਪ ਕੈਂਪ ਦਾ ਆਯੋਜਨ ਕੀਤਾ ਗਿਆ। ਮਾਲਵਾ ਆਈ ਹਸਪਤਾਲ ਰਾਮਪੁਰਾ ਫੂਲ ਡਾ.ਸੀ.ਐੱਸ. ਸਰਾਂ ਨੇ ਆਪਣੀ ਪੂਰੀ ਟੀਮ ਨਾਲ ਲੱਗਭੱਗ 250 ਮਰੀਜ਼ਾਂ ਦੀਆਂ ਅੱਖਾਂ ਦਾ ਚੈੱਕਅੱਪ ਕੀਤਾ, ਜਿਨ੍ਹਾਂ ਵਿੱਚੋਂ 40 ਮਰੀਜ਼ਾਂ ਨੂੰ ਐਨਕਾਂ ਦੇ ਨੰਬਰ ਦਿੱਤੇ ਗਏ ਅਤੇ ਤਕਰੀਬਨ 30 ਮਰੀਜ਼ਾਂ ਨੂੰ ਚਿੱਟੇ ਮੋਤੀਏ ਲਈ ਅਪ੍ਰੇਸ਼ਨ ਸੰਬੰਧੀ ਜਾਣਕਾਰੀ ਦਿੱਤੀ। ਚੇਅਰਮੈਨ ਗੁਰਜੰਟ ਸਿੰਘ ਧਾਲੀਵਾਲ ਸਰਪੰਚ ਦਰਾਜ ਵੱਲੋਂ ਦਵਾਈਆਂ ਵੀ ਮੁਫਤ ਵੰਡੀਆਂ ਗਈਆਂ। ਇਸ ਸਮੇਂ ਬਲਵਿੰਦਰ ਸਿੰਘ ਪ੍ਰਧਾਨ ਸਹਾਰਾ ਜਨ ਸੇਵਾ ਤੇ ਸਪੋਰਟਸ ਕਸੱਬ ਦਰਾਜ ਦਰਾਕਾ, ਹਰਦੇਵ ਸਿੰਘ, ਮੋਹਨ ਸਿੰਘ ਪੰਚ, ਚਾਨਣ ਸਿੰਘ ਨੰਬਰਦਾਰ, ਮਲਕੀਤ ਸਿੰਘ ਪੰਚ, ਸੇਵਕ ਸਿੰਘ ਕਲੱਬ ਪ੍ਰਧਾਨ, ਪ੍ਰੀਤਮ ਸਿੰਘ, ਗੁਰਦੀਪ ਕੌਰ ਗਾਂਧੀ, ਸਾਧੂ ਸਿੰਘ ਔਲਖ, ਬਲਵੀਰ ਸਿੰਘ ਦਰਾਕਾ ਸਰਪੰਚ, ਕੁਲਵਿੰਦਰ ਸਿੰਘ ਘੁੱਕਾ ਬਲਾਕ ਸੰਮਤੀ ਮੈਂਬਰ, ਕੁਲਵੀਰਾ ਪੰਚ, ਕਰਮਜੀਤ, ਜਗਸੀਰ ਸਿੰਘ ਜੱਗਾ ਕੋ. ਸੁਸਾਇਟੀ ਪ੍ਰਧਾਨ ਆਦਿ ਪਿੰਡ ਦੇ ਪਤਵੰਤੇ ਹਾਜ਼ਰ ਸਨ।

ਭ੍ਰਿਸ਼ਟਾਚਾਰ ਵਿਰੁੱਧ ਡੀ. ਸੀ. ਦੀ ਸ਼ੁਰੂਆਤ ਚੰਗੀ ਪਰ ਦੇਖਾਂਗੇ ਅੱਗੇ ਕੀ ਹੁੰਦਾ

ਲੁਧਿਆਣਾ, 4 ਮਾਰਚ (ਰਾਜ ਜੋਸ਼ੀ)- ਮਹਾਂ ਨਗਰ ਲੁਧਿਆਣਾ ਵਿਖੇ ਆਏ ਨਵੇਂ ਡਿਪਟੀ ਕਮਿਸ਼ਨਰ ਸ੍ਰੀ ਰਾਹੁਲ ਤਿਵਾੜੀ ਨੇ ਆਉਂਦਿਆਂ ਹੀ ਸਭ ਤੋਂ ਵੱਧ ਭ੍ਰਿਸ਼ਟਾਚਾਰ ਵਾਲੇ ਵਿਭਾਗ (ਰੈਵੀਨਿਓ) ਜਿੱਥੇ ਸਬ-ਰਜਿਸਟਰਾਰ ਮੋਟੀਆਂ ਫੀਸਾਂ ਲੈ ਕੇ ਰਜਿਸਟਰੀਆਂ ਕਰਦੇ ਹਨ ਵਿਖੇ ਜਾ ਕੇ ਚੈਕਿੰਗ ਕਰਕੇ ਅਤੇ ਲੋਕਾਂ ਦੀਆਂ ਸ਼ਿਕਾਇਤਾਂ ਸੁਣ ਕੇ ਭਾਵੇਂ ਸ਼ੁਰੂਆਤ ਚੰਗੀ ਕੀਤੀ ਹੈ ਪਰ ਕੀ ਇਹ ਕੋਸ਼ਿਸ਼ ਕੋਈ ਰੰਗ ਲਿਆਵੇਗੀ ਜਾਂ ਫਿਰ ਇੱਥੇ ਪਹਿਲਾਂ ਆਏ ਡੀ. ਸੀਆਂ ਵਾਂਗ ਭ੍ਰਿਸ਼ਟਾਚਾਰ ਰੇਟਾਂ ਵਿੱਚ ਵਾਧਾ ਕਰਨ ਤੋਂ ਸਿਵਾਏ ਕੁਝ ਨਾ ਕਰ ਸਕਣ ਦਾ ਲੈਬਲ ਲਗਾ ਕੇ ਚੱਲਦੇ ਬਣਨਗੇ, ਇਹ ਆਉਣ ਵਾਲਾ ਸਮਾਂ ਦੱਸੇਗਾ। ਲੁਧਿਆਣਾ ਦੇ ਦੱਖਣੀ, ਪੱਛਮੀਂ ਡੀ. ਜੋਨ ਅਜੇ ਗਿੱਲ ਵਿਖੇ ਸਥਿਤ ਸਬ-ਰਜਿਸਟਰਾਰ ਦਫ਼ਤਰਾਂ ਅੰਦਰ ਵਿਚੋਲਿਆਂ ਦੀ ਭਰਮਾਰ ਹੈ ਤੇ ਇਸ ਤੋਂ ਇਲਾਵਾ ਕਈ ਪਹੁੰਚ ਵਾਲੇ ਵਿਅਕਤੀਆਂ ਦੇ ਰੋਜ਼ਾਨਾਂ ਦੇ ਕੋਟੇ ਵੀ ਲਗਾਏ ਹੋਏ ਹਨ। ਕੁਝ ਕੁ ਦੇ ਹਫ਼ਤੇ ਕੀਤੇ ਹੋਏ ਹਨ। ਇਨ੍ਹਾਂ ਦਫ਼ਤਰਾਂ ਵਿੱਚ ਬੜੇ ਕੋਡ ਵਾਰਡਾਂ ਨਾਲ ਕੰਮ ਕੀਤਾ ਜਾਂਦਾ ਹੈ ਆਮ ਆਦਮੀ ਨੂੰ ਇਸ ਦਾ ਕੁਝ ਵੀ ਨਹੀਂ ਪਤਾ ਲੱਗਦਾ ਤੇ ਹਰ ਰਜਿਸਟਰੀ ਪਲਾਟ, ਮਕਾਨ ਜਾਂ ਜ਼ਮੀਨ ਤੇ ਕੋਠੀ ਆਦਿ ਦੀ ਕੀਮਤ (ਬਜ਼ਰੀ) ਦੇ ਹਿਸਾਬ ਨਾਲ ਉਪਰਲੀਆਂ ਫੀਸਾਂ ਤਹਿ ਕਰਕੇ ਲਈਆਂ ਜਾਂਦੀਆਂ ਹਨ। ਕੀ ਡੀ. ਸੀ. ਸ੍ਰੀ ਤਿਵਾੜੀ ਇਸ ਭ੍ਰਿਸ਼ਟਾਚਾਰ ਉੱਪਰ ਕਾਬੂ ਪਾਉਣਗੇ? ਚਲੋ ਉਨ੍ਹਾਂ ਅਨੁਸਾਰ ਕਰੇ ਡੇਢ ਦੋ ਮਹੀਨੇ ਦੀ ਉਡੀਕ ਕਰਦੇ ਹਾਂ ਫੇਰ ਦੇਖਾਂਗੇ ਕਿ ਹੋਇਆ।

ਅਕਾਲੀ-ਭਾਜਪਾ ਸਰਕਾਰ ਪਿੰਡਾਂ ਦੇ ਵਿਕਾਸ ਲਈ ਯਤਨਸ਼ੀਲ-ਘੁੰਨਸ

ਭਦੌੜ, 4 ਮਾਰਚ (ਸੁਰਿੰਦਰ ਬੱਤਾ)- ਪੰਜਾਬ ਦੀ ਅਕਾਲੀ-ਭਾਜਪਾ ਸਰਕਾਰ ਪਿੰਡਾਂ ਦੀ ਨੁਹਾਰ ਬਦਲਣ ਲਈ ਪੂਰੀ ਤਰ੍ਹਾਂ ਵਚਨਬੱਧ ਹੈ ਤੇ ਹਲਕੇ ਦੇ ਹਰ ਪਿੰਡ ਨੂੰ ਵਿਕਾਸ ਕਾਰਜ ਲਈ ਖੁਲਦਿਲੀ ਨਾਲ ਫੰਡ ਮੁਹੱਈਆ ਕਰਵਾਏ ਜਾ ਰਹੇ ਹਨ। ਇਹ ਸ਼ਬਦ ਹਲਕਾ ਭਦੌੜ ਦੇ ਵਿਧਾਇਕ ਤੇ ਜ਼ਿਲ੍ਹਾ ਯੋਜਨਾ ਬੋਰਡ ਦੇ ਚੇਅਰਮੈਨ ਬਲਵੀਰ ਸਿੰਘ ਘੁੰਨਸ ਨੇ ਪਿੰਡ ਜੰਗੀਆਣਾ ਦੀ ਪੰਚਾਇਤ ਨੂੰ ਗਲੀਆਂ-ਨਾਲੀਆਂ ਪੱਕੀਆਂ ਕਰਨ ਲਈ ਇੱਕ ਲੱਖ ਰੁਪਏ ਦਾ ਚੈੱਕ ਦੇਣ ਸਮੇਂ ਕਹੇ। ਉਨ੍ਹਾਂ ਅੱਗੇ ਕਿਹਾ ਕਿ ਸਰਕਾਰ ਲੋਕਾਂ ਨੂੰ ਸਾਫ-ਸੁਥਰਾ ਪਾਣੀ ਮੁਹੱਈਆ ਕਰਵਾਉਣ ਲਈ ਛੇਤੀ ਕਰ ਪਿੰਡ ਵਿੱਚ ਆਰ ਓ ਸਿਸਟਮ ਮੁਹੱਈਆ ਕਰਵਾ ਰਹੀ ਹੈ। ਇਸ ਸਮੇਂ ਜ਼ਿਲ੍ਹਾ ਪ੍ਰੀਸ਼ਦ ਅਮਰ ਸਿੰਘ ਬੀ.ਏ. ਜਸਵਿੰਦਰ ਸਿੰਘ, ਕੋਆਪਰੇਟਿਵ ਸੁਸਾਇਟੀ ਦੇ ਪ੍ਰਧਾਨ ਨਰਿੰਦਰ ਸਿੰਘ ਨੀਟੂ, ਗਿਆਨੀ ਕਰਤਾਰ ਸਿੰਘ, ਕੁਲਦੀਪ ਸਿੰਘ, ਪ੍ਰਗਟ ਸਿੰਘ, ਜਸਵੀਰ ਸਿੰਘ ਆਦਿ ਅਕਾਲੀ ਆਗੂ ਹਾਜ਼ਰ ਸਨ।

ਸੁਪਰਡੈਂਟ ਵੱਲੋਂ ਰਾਸ਼ਨ ਡਿਪੂ ਦੀ ਚੈਕਿੰਗ

ਖਨੌਰੀ, 4 ਮਾਰਚ (ਪ.ਪ.)-ਖਨੌਰੀ ਦੇ ਨੇੜੇ ਪਿੰਡ ਬਪੂਰ ਵਿਖੇ ਤਕਰੀਬਨ 250 ਰਾਸ਼ਨ ਕਾਰਡ ਧਾਰਕਾਂ ਨੇ ਰਾਸ਼ਨ ਨਾ ਮਿਲਣ ਕਾਰਨ ਡਿਪੂ ਹੋਲਡਰ ਦੇ ਖਿਲਾਫ ਬਲੈਕ ਵਿੱਚ ਤੇਲ ਅਤੇ ਕਣਕ ਵੇਚਣ ਦਾ ਦੋਸ਼ ਲਾਇਆ ਅੱਜ ਪਿੰਡ ਬੱਪੂਰ ਵਿਖੇ ਡਿਪੂ ਹੋਲਡਰ ਦੇ ਵਿਰੁੱਧ ਪਿੰਡ ਵੱਲੋਂ ਮਿਲਿਆ ਸ਼ਿਕਾਇਤਾਂ ਦੇ ਸੰਬੰਧ ਵਿੱਚ ਫੂਡ ਸਪਲਾਈ ਨਿਰਖਕ ਲਹਿਰਾਗਾਗਾ ਅਰਜੁਨ ਸਿੰਘ ਨੇ ਪਿੰਡ ਵਿੱਚ ਪਹੁੰਚ ਕੇ ਰਾਸ਼ਨ ਕਾਰਡ ਚੈੱਕ ਕੀਤੇ।

ਗੁਰਦੁਆਰਾ ਪਾਤਸ਼ਾਹੀ ਨੌਵੀਂ ਬੁਢਲਾਡਾ ਵਿਖੇ 30 ਜ਼ਰੂਰਤਮੰਦ ਲੜਕੀਆਂ ਦੀਆਂ ਸ਼ਾਦੀਆ ਮੌਕੇ ਜੋੜਿਆਂ ਨੂੰ ਆਸ਼ੀਰਵਾਦ ਦਿੰਦੇ ਹੋਏ ਸੰਤ ਬਾਬਾ ਹਰਪ੍ਰੀਤ ਸਿੰਘ ਭਾਖੜਾ ਨਹਿਰ ਵਾਲੇ।

ਤਸਵੀਰ: ਦਵਿੰਦਰ ਸਿੰਘ ਕੋਹਲੀ

ਜਾਗਰੂਕਤਾ ਰੈਲੀ ਕੱਢੀ

ਮੰਡੀ ਗੋਬਿੰਦਗੜ੍ਹ, 4 ਮਾਰਚ (ਵਿਪਨ ਬਾਂਸਲ)- ਸ. ਦਾਰਾ ਸਿੰਘ ਯਾਦਗਾਰੀ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਸਲਾਣਾ ਦੇ ਵਿਦਿਆਰਥੀਆਂ ਵਲੋਂ ਵਾਤਾਵਰਨ ਨੂੰ ਸਾਫ਼ ਕਰਨ ਅਤੇ ਵੱਧ ਤੋਂ ਵੱਧ ਬੂਟੇ ਲਗਾ ਕੇ ਉਨ੍ਹਾਂ ਦੀ ਸੰਭਾਲ ਕਰਨ ਬਾਰੇ ਇਕ ਜਾਗਰੂਕਤਾ ਰੈਲੀ ਕਢੀ ਗਈ। ਇਸ ਮੌਕੇ ਤੇ ਸਕੂਲ ਦੇ ਪ੍ਰਿੰਸੀਪਲ ਸ. ਜਸਪਾਲ ਸਿੰਘ ਗਿਲ ਨੇ ਗਲੋਬਲ ਵਾਰਮਿੰਗ ਅਤੇ ਪ੍ਰਦੂਸ਼ਣ ਵਿਰੁਧ ਵਿਸਥਾਰ ਪੂਰਵਕ ਚਾਨਣਾ ਪਾਇਆ। ਉਨ੍ਹਾਂ ਚਿਤਾਵਨੀ ਦਿਤੀ ਕਿ ਜੇਕਰ ਪ੍ਰਦੂਸ਼ਣ ਨੂੰ ਰੋਕਣ ਲਈ ਉਪਰਾਲੇ ਨਾ ਕੀਤੇ ਗਏ ਅਤੇ ਦਰਖਤਾਂ ਦੀ ਸੰਭਾਲ ਨਾ ਕੀਤੀ ਗਈ ਤਾਂ ਸਾਡੀ ਆਉਣ ਵਾਲੀ ਪਨੀਰੀ ਦੀ ਜਿੰਦਗੀ ਖਤਰੇ ਵਿਚ ਪੇ ਜਾਵੇਗੀ। ਇਸ ਮੌਕੇ ਵਿਦਿਆਰਥੀਆਂ ਨੇ ਮਾਟੋ ਅਤੇ ਤਖਤੀਆਂ ਲੈ ਕੇ ਪਿੰਡ ਦੀਆਂ ਗਲੀਆਂ ਵਿਚ ਰੁਖ ਲਗਾਉਬਣ ਅਤੇ ਹਰਿਆਵਲ ਨੂੰ ਕਾਇਮ ਕਰਨ ਦਾ ਸੱਦਾ ਦਿਤਾ। ਇਸ ਰੈਲੀ ਦੀ ਅੱਗਵਾਈ ਪੀ.ਟੀ.ਆਈ. ਇੰਚਾਰਜ ਗਰੀਨ ਕਾਰਪਸ ਸ. ਪ੍ਰਿਤਪਾਲ ਸਿੰਘ ਅਤੇ ਪੰਜਾਬੀ ਅਧਿਆਪਕ ਸਤਿੰਦਰ ਸਿੰਘ ਨੇ ਕੀਤੀ।

ਢਿੱਲੀਆਂ ਤੇ ਲਟਕਦੀਆਂ ਤਾਰਾਂ ਦੇ ਰਹੀਆਂ ਨੇ ਹਾਦਸਿਆਂ ਨੂੰ ਸੱਦਾ-ਬਿਜਲੀ ਵਿਭਾਗ ਸੁੱਤਾ

ਸ੍ਰੀ ਹਰਗੋਬਿੰਦਪੁਰ, 4 ਮਾਰਚ (ਕੌਸ਼ਲ ਪੁਰੀ)-ਸ੍ਰੀ ਹਰਗੋਬਿੰਦਪੁਰ ਵਿਖੇ ਅੰਮ੍ਰਿਤਸਰ ਰੋਡ 'ਤੇ ਬਿਜਲੀ ਦੀਆਂ ਹਾਈ ਵੋਲਟੇਜ਼ ਦੀਆਂ ਤਾਰਾਂ ਜ਼ਮੀਨ ਤੋਂ ਥੋੜ੍ਹੀ ਉਪਰ ਲਟਕ ਰਹੀਆਂ ਹਨ, ਜਿਸ ਨਾਲ ਕਦੇ ਵੀ ਕੋਈ ਦੁੱਖ ਭਰਿਆ ਹਾਦਸਾ ਵਾਪਰ ਸਕਦਾ ਹੈ। ਤਾਰਾਂ ਦੀ ਜ਼ਮੀਨ ਤੋਂ ਉੱਚਾਈ ਇੰਨੀ ਕੁ ਹੈ ਕਿ ਵਿਅਕਤੀ ਅਸਾਨੀ ਨਾਲ ਹੱਥ ਲਾ ਸਕਦਾ ਹੈ। ਇਸ ਸੜਕ ਉਪਰ ਲੋਕਾਂ ਦੇ ਘਰ, ਦੁਕਾਨਾਂ ਤੇ ਜਿਮ ਹਨ। ਇਤਿਹਾਸਕ ਗੁਰਦੁਆਰਾ ਸ੍ਰੀ ਦਮਦਮਾ ਸਾਹਿਬ ਹੈ। ਜਿੱਥੇ ਸੰਗਤਾਂ ਸਵੇਰੇ ਸ਼ਾਮ ਦਰਸ਼ਨਾਂ ਲਈ ਆਉਂਦੀਆਂ ਹਨ। ਇਨ੍ਹਾਂ ਤਾਰਾਂ ਨੂੰ ਉੱਚੀਆਂ ਕਰਨ ਲਈ ਮੁਹੱਲਾ ਨਿਵਾਸੀ ਕਈ ਵਾਰ ਬਿਜਲੀ ਬੋਰਡ ਦਫਤਰ ਸ੍ਰੀ ਹਰਗੋਬਿੰਦਪੁਰ ਵਿਖੇ ਦਰਖਾਸਤਾਂ ਦੇ ਚੁੱਕੇ ਹਨ। ਪਰ ਬਿਜਲੀ ਬੋਰਡ ਵਿਭਾਗ ਸ਼ਾਇਦ ਕੁੰਭਕਰਨ ਦੀ ਨੀਂਦ ਸੁੱਤਾ ਪਿਆ ਹੈ।

ਖੇਡ ਟੂਰਨਾਮੈਂਟ ਸਮੇਂ ਦੀ ਲੋੜ-ਪ੍ਰੋ. ਵਲਟੋਹਾ

ਖਾਲੜਾ, 4 ਮਾਰਚ (ਹਰਜੀਤ ਸਿੰਘ ਲਵਲੀ)-ਨੌਜਵਾਨਾਂ ਨੂੰ ਖੇਡਾਂ ਪ੍ਰਤੀ ਪ੍ਰੇਰਿਤ ਕਰਨ ਲਈ ਸਪੋਰਟਸ ਕਲੱਬਾਂ ਅਤੇ ਸਮਾਜ ਸੇਵੀ ਜਥੇਬੰਦੀਆਂ ਨੂੰ ਪਿੰਡ ਪੱਧਰ ਤੇ ਖੇਡ ਟੂਰਨਾਮੈਂਟ ਕਰਵਾਉਂਦੇ ਰਹਿਣਾ ਚਾਹੀਦਾ ਹੈ। ਉਪਰੋਕਤ ਸ਼ਬਦਾਂ ਦਾ ਪ੍ਰਗਟਾਵਾ ਹਲਕਾ ਵਿਧਾਇਕ ਪ੍ਰੋ. ਵਿਰਸਾ ਸਿੰਘ ਵਲਟੋਹਾ ਨੇ ਪਿੰਡ ਮਾੜੀਮੇਘਾ ਵਿਖੇ ਹੋਏ 3 ਰੋਜ਼ਾ ਖੇਡ ਮੇਲੇ ਦੇ ਅਖੀਰਲੇ ਦਿਨ ਜੇਤੂ ਖਿਡਾਰੀਆਂ ਨੂੰ ਇਨਾਮ ਵੰਡਣ ਸਮੇਂ ਵੱਡੇ ਇਕੱਠ ਨੂੰ ਸੰਬੋਧਨ ਕਰਦਿਆਂ ਕੀਤਾ। ਉਕਤ ਖੇਡ ਮੇਲੇ ਸੰਬੰਧੀ ਸਰਪੰਚ ਗੁਰਸੇਵਕ ਸਿੰਘ ਬੱਬੂ, ਪ੍ਰਬੰਧਕ ਜੈਮਲ ਸਿੰਘ ਤੇ ਪ੍ਰਧਾਨ ਰਮਨਦੀਪ ਸਿੰਘ ਨੇ ਸਾਂਝੇ ਤੌਰ 'ਤੇ ਜਾਣਕਾਰੀ ਦਿੰਦਿਆਂ ਦੱਸਿਆ ਕਿ 100 ਮੀਟਰ ਦੌੜ 'ਚ ਸਤਿਬੀਰ ਸਿੰਘ ਨੇ ਪਹਿਲਾ ਤੇ ਕੁਲਬੀਰ ਸਿੰਘ ਨਵਾਂ ਪਿੰਡ ਨੇ ਦੂਜਾ, 400 ਮੀਟਰ ਦੌੜ 'ਚ ਗੁਰਪ੍ਰੀਤ ਸਿੰਘ ਮਾੜੀਮੇਗਾ ਨੇ ਪਹਿਲਾ ਤੇ ਗੁਰਜੰਟ ਸਿੰਘ ਬੀੜ ਸਾਹਿਬ ਨੇ ਦੂਜਾ, 1500 ਮੀਟਰ ਦੌੜ 'ਚ ਬਰਜਿੰਦਰ ਸਿੰਘ ਬੀੜ ਸਾਹਿਬ ਨੇ ਪਹਿਲਾ ਤੇ ਗੁਰਜੀਤ ਸਿੰਘ ਬੀੜ ਸਾਹਿਬ ਨੇ ਦੂਸਰਾ, 800 ਮੀਟਰ ਦੌੜ 'ਚ ਗੁਰਜੰਟ ਸਿੰਘ ਬੀੜ ਸਾਹਿਬ ਨੇ ਪਹਿਲਾ ਤੇ ਗੁਰਜੀਤ ਸਿੰਘ ਬੀੜ ਸਾਹਿਬ ਨੇ ਦੂਸਰਾ ਅਤੇ 3000 ਮੀਟਰ ਦੌੜ 'ਚ ਗੁਰਜੀਤ ਸਿੰਘ ਬੀੜ ਸਾਹਿਬ ਨੇ ਦੂਸਰਾ ਅਤੇ 3000 ਮੀਟਰ ਦੌੜ 'ਚ ਗੁਰਜੀਤ ਸਿੰਘ ਬੀੜ ਸਾਹਿਬ ਨੇ ਦੂਸਰਾ ਅਤੇ 3000 ਮੀਟਰ ਦੌੜ 'ਚ ਗੁਰਜੀਤ ਸਿੰਘ ਬੀੜ ਸਾਹਿਬ ਨੇ ਪਹਿਲਾ ਬਲਜਿੰਦਰ ਸਿੰਘ ਬੀੜ ਸਾਹਿਬ ਨੇ ਦੂਸਰਾ ਸਥਾਨ ਪ੍ਰਾਪਤ ਕੀਤਾ। ਇਸੇ ਤਰ੍ਹਾਂ ਸਲੋਅ ਸਾਈਕਲ ਰੇਸ 'ਚ ਹਰਨੰਦ ਸਿੰਘ ਕਾਸਰਕੇ ਨੇ ਪਹਿਲਾ ਤੇ ਅਮਰਜੀਤ ਸਿੰਘ ਮਾੜੀਮੇਗਾ ਨੇ ਦੂਸਰਾ ਸਥਾਨ ਪ੍ਰਾਪਤ ਕੀਤਾ। ਕਬੱਡੀ ਦੀ ਜੇਤੂ ਤੇ ਉਪ ਜੇਤੂ ਟੀਮ ਨੂੰ ਕ੍ਰਮਵਾਰ 10 ਹਜ਼ਾਰ ਰੁਪਏ ਦੀ ਨਗਦ ਰਾਸ਼ੀ ਦਿੱਤੀ ਗਈ। ਸਮਾਗਮ ਦੇ ਅਖੀਰ 'ਚ ਹਲਕਾ ਵਿਧਾਇਕ ਪ੍ਰੋ. ਵਿਰਸਾ ਸਿੰਘ ਵਲਟੋਹਾ ਨੇ ਪਿੰਡ 'ਚ 10 ਲੱਖ ਰੁਪਏ ਦੀ ਲਾਗਤ ਨਾਲ ਆਰ.ਓ. ਸਿਸਟਮ ਅਤੇ ਨਿਸ਼ਾਨ ਸਪੋਰਟਸ ਕਲੱਬ ਨੂੰ 50 ਹਜ਼ਾਰ ਰੁਪਏ ਦੀ ਰਾਸ਼ੀ ਦਾ ਚੈੱਕ ਦੇਣ ਦਾ ਇਨਾਮ ਕੀਤਾ।

'ਰੁੱਖਾਂ ਤੋਂ ਬਿਨਾਂ ਧਰਤੀ 'ਤੇ ਰਹਿਣਾ ਨਹੀਂ ਮਨੁੱਖ' ਸੰਬੰਧੀ ਸਕੂਲ ਵਿੱਚ ਵਾਤਾਵਰਣ ਗੋਸ਼ਟੀ

ਬੁਢਲਾਡਾ, 4 ਮਾਰਚ (ਦਵਿੰਦਰ ਸਿੰਘ ਕੋਹਲੀ)-ਇੱਥੋਂ ਨੇੜਲੇ ਪਿੰਡ ਦਰੀਆਪੁਰ ਦੇ ਸਰਕਾਰੀ ਮਿਡਲ ਸਕੂਲ ਵਿੱਚ ਈਕੋ ਕਲੱਬ ਤਹਿਤ ਸਕੂਲ ਸਟਾਫ ਅਤੇ ਪਿੰਡ ਵਾਸੀਆਂ ਵੱਲੋਂ ਮਿਲ ਕੇ ਵਾਤਾਵਰਣ ਦਿਵਸ ਮਨਾਇਆ ਗਿਆ। ਇਸ ਮੌਕੇ ਕਈ ਤਰ੍ਹਾਂ ਦੇ ਪੌਦੇ, ਵੇਲਾਂ ਅਤੇ ਰੁੱਖ ਲਗਾਏ ਗਏ। ਸਮਾਗਮ ਦੌਰਾਨ ਸਕੂਲ ਮੁੱਖੀ ਗਿਆਨੀ ਕੁਲਵੰਤ ਸਿੰਘ ਨੇ ਰੁੱਖਾਂ ਦੀ ਮਹਾਨਤਾ 'ਤੇ ਲੋੜ ਬਾਰੇ ਦੱਸਦੇ ਹੋਏ ਅੰਤ ਵਿੱਚ 2 ਤੁਕਾਂ ਪੜ੍ਹੀਆਂ, 'ਰੁੱਖ ਸਾਡੇ ਪ੍ਰਾਣ ਦਾਤਾ ਰੁੱਖਾਂ ਦੇ ਸੌ ਸੁੱਖ, ਰੁੱਖਾਂ ਬਿਨਾਂ ਧਰਤੀ 'ਤੇ ਰਹਿਣਾ ਨ੍ਹੀਂ ਮਨੁੱਖ'।' ਬਾਕੀ ਸਟਾਫ ਮੈਂਬਰ ਸ੍ਰੀ ਨੱਥੂ ਰਾਮ, ਮੱਘਰ ਸਿੰਘ, ਮੈਡਮ ਗੀਤਾ ਰਾਣੀ, ਭੁਪਿੰਦਰ ਸਿੰਘ, ਅਰਵਿੰਦਰ ਸਿੰਘ ਦਾਤੇਵਾਸ, ਲਲਿਤ ਕੁਮਾਰ, ਹਰਪ੍ਰੀਤ ਕੌਰ ਤੇ ਕ੍ਰਿਸ਼ਨ ਕੁਮਾਰ ਨੇ ਵੀ ਆਪਣੇ ਵਿਚਾਰ ਪ੍ਰਗਟ ਕੀਤੇ। ਬੱਚਿਆਂ ਨੇ ਰੁੱਖਾਂ ਤੇ ਵਾਤਾਵਰਮ ਸੰਬੰਧੀ ਗੀਤ ਗਾਏ ਤੇ ਭਾਸ਼ਨ ਦਿੱਤਾ। ਬੱਚਿਆਂ ਨੂੰ ਕਾਪੀਆਂ ਤੇ ਪੈਨ ਇਨਾਮ ਵੰਡੇ ਗਏ। ਪਿੰਡ ਦੇ ਪਤਵੰਤੇ ਸੱਜਣ ਸ੍ਰੀ ਸ਼ਿਆਮ ਸਿੰਘ ਪਟਿਆਲੇ ਵਾਲੇ, ਸਰਪੰਚ ਮਲਕੀਤ ਕੌਰ, ਸ੍ਰੀ ਜਸਵਿੰਦਰ ਸਿੰਘ ਪ੍ਰਧਾਨ, ਨਾਜਰ ਸਿੰਘ, ਮੇਜਰ ਸਿੰਘ ਫੌਜੀ, ਮੈਂਬਰ ਫੂਲਕੇਰ ਸਿੰਘ, ਕਾਮਰੇਡ ਗੁਰਤੇਜ ਸਿੰਘ, ਪਟਵਾਰੀ ਗੋਧਾ ਸਿੰਘ, ਅਨੋਖ ਸਿੰਘ, ਸ੍ਰ. ਗੁਰਤੇਜ ਸਿੰਘ ਨੇ ਸਮਾਗਮ ਵਿੱਚ ਸ਼ਾਮਲ ਹੋ ਕੇ ਪੌਦੇ ਲਗਾਏ। ਇਸ ਤੋਂ ਪਹਿਲਾਂ ਜਗਤਾਰ ਸਿੰਘ ਮਹਿਲ ਨੇ ਵੀ ਸਕੂਲ ਵਿੱਚ 150 ਦੇ ਲੱਗਭੱਗ ਪੌਦੇ ਲਗਾਏ। ਇਸ ਮੌਕੇ ਲੱਗਭੱਗ ਉਨ੍ਹਾਂ 50 ਬੱਚਿਆਂ ਨੂੰ ਵੀ ਗੁਰਦੁਆਰਾ ਕਮੇਟੀ ਦੇ ਪ੍ਰਧਾਨ ਜਸਵਿੰਦਰ ਸਿੰਘ ਵੱਲੋਂ ਇਨਾਮ ਦਿੱਤੇ ਗਏ, ਜਿਨ੍ਹਾਂ ਦੇ ਸ਼ਹੀਦ ਬਾਬਾ ਦੀਪ ਸਿੰਘ ਦੇ ਜਨਮ ਦਿਨ ਮੌਕੇ ਕੱਢੇ ਨਗਰ ਕੀਰਤਨ ਵਿੱਚ ਸ਼ਾਮਲ ਹੋ ਕੇ ਰੌਣਕ ਲਗਾਈ ਸੀ।

ਨਸ਼ਿਆਂ ਦੇ ਵਿਰੁੱਧ ਜਾਗਰਤੀ ਸਮਾਗਮ ਕਰਵਾਇਆ

ਨਵਾਂ ਸ਼ਹਿਰ, 4 ਮਾਰਚ (ਗੁਰਜੀਤ ਸਿੰਘ)-ਨੌਜਵਾਨ ਪੀੜ੍ਹੀ ਨੂੰ ਨਸ਼ਿਆਂ ਦੇ ਵਿਰੁੱਧ ਜਾਣਕਾਰੀ ਦੇਣ ਲਈ ਪੰਜਾਬ ਸਰਕਾਰ ਦੇ ਵਿਭਾਗ ਸਮਾਜਿਕ ਸੁਰੱਖਿਆ ਅਤੇ ਇਸਤਰੀ ਤੇ ਬਾਲ ਵਿਕਾਸ ਵਿਭਾਗ ਪੰਜਾਬ ਵੱਲੋਂ ਸ਼ੁਰੂ ਕੀਤੀ ਗਈ ਮੁਹਿੰਮ ਤਹਿਤ ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਦੇ ਜ਼ਿਲ੍ਹਾ ਸਮਾਜਿਕ ਸੁਰੱਖਿਆ ਦਫਤਰ ਵੱਲੋਂ ਇੱਥੋਂ ਦੇ ਨਜ਼ਦੀਕੀ ਪਿੰਡ ਕਾਹਮਾ ਦੇ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਵਿਖੇ ਜ਼ਿਲ੍ਹਾ ਸਮਾਜਿਕ ਸੁਰੱਖਿਆ ਅਫਸਰ ਸ੍ਰੀਮਤੀ ਅੰਮ੍ਰਿਤ ਬਾਲਾ ਦੀ ਅਗਵਾਈ ਹੇਠ ਨਸ਼ਿਆਂ ਦੇ ਵਿਰੁੱਧ ਜਾਗਰਤੀ ਸਮਾਗਮ ਕਰਵਾਇਆ ਗਿਆ। ਇਸ ਮੌਕੇ ਸਕੂਲ ਦੇ ਬੱਚਿਆਂ ਦੇ ਭਾਸ਼ਣ ਮੁਕਾਬਲੇ, ਸਲੋਗਨ (ਮਾਟੋਸ਼) ਲੇਖਣ ਮੁਕਾਬਲੇ ਤੇ ਚਾਰਟ ਬਣਾਉਣ ਮੁਕਾਬਲੇ ਕਰਵਾਏ ਗਏ। ਇਹ ਮੁਕਾਬਲੇ ਨਸ਼ਿਆਂ ਦੀ ਬੁਰੀ ਆਦਤ ਨਾਲ ਸੰਬੰਧਤ ਕਰਵਾਏ ਗਏ। ਇਸ ਮੌਕੇ ਸ੍ਰੀਮਤੀ ਅੰਮ੍ਰਿਤ ਬਾਲਾ ਜ਼ਿਲ੍ਹਾ ਸਮਾਜਿਕ ਸੁਰੱਖਿਆ ਅਫਸਰ ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਨੇ ਸੰਬੋਧਨ ਕਰਦਿਆਂ ਕਿਹਾ ਕਿ ਨੌਜਵਾਨਾਂ ਨੂੰ ਇਹ ਗੱਲ ਪੱਲੇ ਬੰਨ੍ਹ ਲੈਣੀ ਚਾਹੀਦੀ ਹੈ ਕਿ ਪਹਿਲਾਂ ਤਾਂ ਨਸ਼ੇ ਵਿਅਕਤੀ ਖੁਦ ਖਾਂਦਾ ਹੈ ਅਤੇ ਫਿਰ ਨਸ਼ਾ ਵਿਅਕਤੀ ਨੂੰ ਖਾਣ ਲੱਗਦਾ ਹੈ। ਉਨ੍ਹਾਂ ਕਿਹਾ ਕਿ ਨਸ਼ਾ ਖੋਰੀ ਤੋਂ ਬਚਾਵ ਲਈ ਬੱਚਿਆਂ ਦੇ ਮਾਤਾ-ਪਿਤਾ ਅਤੇ ਸਕੇ ਸੰਬੰਧੀਆਂ ਅਤੇ ਸਮਾਜ ਦੇ ਉਨ੍ਹਾਂ ਲੋਕਾਂ ਦਾ ਵੀ ਫਰਜ਼ ਬਣਦਾ ਹੈ ਜਿਹੜਾ ਸਮਾਜ ਨੂੰ ਨਸ਼ਾ ਮੁਕਤ ਦੇਖਣਾ ਚਾਹੁੰਦੇ ਹਨ। ਇਸ ਮੌਕੇ ਹਿਊਮਨ ਰਾਈਟਸ ਜਾਗਰਤੀ ਮੰਚ ਸੁਸਾਇਟੀ ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਦੇ ਪ੍ਰਧਾਨ ਵਾਸਦੇਵ ਪਰਦੇਸੀ ਨੇ ਸੰਬੋਧਨ ਕਰਦਿਆਂ ਕਿਹਾ ਕਿ ਨਸ਼ਾ ਕਰਨ ਵਾਲੇ ਵਿਅਕਤੀ ਅੰਦਰ ਨਸ਼ੇ ਪ੍ਰਤੀ ਘ੍ਰਿਣਾ ਪੈਦਾ ਕੀਤੀ ਜਾਵੇ ਤਾਂ ਉਹ ਵਿਅਕਤੀ ਨਸ਼ੇ ਤੋਂ ਦੂਰ ਰਹਿਣ ਦਾ ਪੱਕਾ ਇਰਾਦਾ ਬਣਾ ਸਕਦਾ ਹੈ। ਜਿੰਨੀ ਦੇਰ ਉਸ ਵਿਅਕਤੀ ਦੇ ਅੰਦਰ ਨਸ਼ਿਆਂ ਤੋਂ ਨਫਰਤ ਪੈਦਾ ਨਹੀਂ ਹੁੰਦੀ, ਉਨ੍ਹੀ ਦੇਰ ਤੱਕ ਉਸ ਨਸ਼ਾ ਕਰਨ ਵਾਲੇ ਵਿਅਕਤੀ ਨੂੰ ਜਬਰਦਸਤੀ ਨਸ਼ਿਆਂ ਤੋਂ ਨਹੀਂ ਰੋਕਿਆ ਜਾ ਸਕਦਾ। ਇਸ ਮੌਕੇ ਸਕੂਲ ਦੇ ਬੱਚਿਆਂ ਦੇ ਕਰਵਾਏ ਭਾਸ਼ਣ ਮੁਕਾਬਲਿਆਂ ਵਿੱਚ ਬਲਜੀਤ ਕੌਰ, ਸੰਦੀਪ ਕੌਰ ਅਤੇ ਰੇਖਾ ਰਾਣੀ ਨੇ ਕਰਮਵਾਰ ਪਹਿਲਾ, ਦੂਜਾ ਅਤੇ ਤੀਜਾ ਸਥਾਨ ਪ੍ਰਾਪਤ ਕੀਤਾ। ਸਲੋਗਾਨ ਮੁਕਾਬਲਿਆਂ ਵਿੱਚ ਜੋਤੀ, ਲਖਵਿੰਦਰ ਸਿੰਘ ਅਤੇ ਦੀਪਕ ਨੇ ਕਰਮਵਾਰ ਪਹਿਲਾ, ਦੂਜਾ ਅਤੇ ਤੀਸਰਾ ਸਥਾਨ ਪ੍ਰਾਪਤ ਕੀਤਾ। ਇਨ੍ਹਾਂ ਪ੍ਰਤੀਯੋਗੀਆਂ ਨੂੰ ਵਿਸ਼ੇਸ਼ ਯਾਦਗਾਰੀ ਚਿੰਨ੍ਹ ਦੇ ਕੇ ਪ੍ਰਿੰਸੀਪਲ ਅਲਕਾ ਰਾਣੀ, ਸ੍ਰੀ ਰਾਮ, ਵਾਸਦੇਵ ਪਰਦੇਸੀ, ਅੰਮ੍ਰਿਤ ਬਾਲਾ ਵੱਲੋਂ ਸਨਮਾਨਿਤ ਕੀਤਾ ਗਿਆ। ਇਸ ਮੌਕੇ ਹੋਰਨਾਂ ਤੋਂ ਇਲਾਵਾ ਸਟਾਫ ਮੈਂਬਰਾਨ ਰਣਜੀਤ ਸਿੰਘ, ਮੁਕੇਸ਼ ਕੁਮਾਰ, ਸੁਰਿੰਦਰ ਚੰਦ, ਸ੍ਰੀਮਤੀ ਚੇਤਨਾ, ਸੀਤਲ ਸਿੰਘ, ਇੰਦਰਾ ਰਾਣੀ, ਧਰਮਪਾਲ, ਹਿਤੇਸ਼ ਸਹਿਗਲ, ਸਰਿੰਦਰ ਕੌਰ, ਗੁਰਸ਼ਰਨਦੀਪ, ਗੁਰਪਾਲ ਚੰਦ, ਊਸ਼ਾ ਮਨਚੰਦਾ, ਕ੍ਰਿਸ਼ਨਾ ਦੇਵੀ, ਜਗਦੇਵ ਕੌਰ, ਨਵਦੀਪ ਸਿੰਘ, ਅਮਰਜੀਤ ਸਿੰਘ, ਮਿੰਟੂ, ਸ਼ਾਦੀ ਰਾਮ ਅਤੇ ਰਾਮ ਪਾਲ ਆਦਿ ਹਾਜ਼ਰ ਸਨ।

ਝੁਨੀਰ ਦੇ ਨਵੇਂ ਤਹਿਸੀਲਦਾਰ ਹਰਬੰਸ ਸਿੰਘ ਸੇਖੋਂ ਨੇ ਅਹੁਦਾ ਸੰਭਾਲਿਆ

ਸਰਦੂਲਗੜ੍ਹ, ਝੁਨੀਰ, 4 ਮਾਰਚ (ਜਗਤਾਰ, ਗੁਰਵਿੰਦਰ ਭੋਲਾ)-ਸਥਾਨਕ ਕਸਬੇ ਝੁਨੀਰ ਵਿਖੇ ਨਵੇਂ ਤਹਿਸੀਲਦਾਰ ਸ੍ਰ. ਹਰਬੰਸ ਸਿੰਘ ਸੇਖੋਂ ਨੇ ਆਪਣਾ ਅਹੁਦਾ ਸੰਭਾਲ ਲਿਆ ਹੈ। ਝੁਨੀਰ ਵਿਖੇ ਪਹਿਲਾ ਵਾਲੇ ਤਹਿਸੀਲਦਾਰ ਛਿੰਦਰਪਾਲ ਸਿੰਘ ਜੀ ਦੀ ਥਾਂ ਤੇ ਸ੍ਰ. ਹਰਬੰਸ ਸਿੰਘ ਸੇਖੋਂ ਨੇ ਆਪਣਾ ਅਹੁਦਾ ਸੰਭਾਲ ਲਿਆ ਹੈ। ਇੱਥੇ ਦੱਸਣਾ ਬਨਦਾ ਹੈ ਕਿ ਤਹਿਸੀਲਦਾਰ ਛਿੰਦਰਪਾਲ ਸਿੰਘ ਦੇ ਚਲੇ ਜਾਣ ਕਰਕੇ ਲੋਕਾਂ ਨੂੰ ਦਫਤਰੀ ਕੰਮਾਂ ਵਿੱਚ ਕਾਫੀ ਪਰੇਸ਼ਾਨੀ ਆ ਰਹੀ ਸੀ ਉਸ ਦਾ ਹੱਲ ਹੁਣ ਨਵਾਂ ਤਹਿਸੀਲਦਾਰ ਆਉਣ ਤੇ ਹੋ ਗਿਆ ਹੈ। ਨਵੇਂ ਤਹਿਸੀਲਦਾਰ ਆਉਣ ਤੇ ਹੋ ਗਿਆ ਹੈ। ਨਵੇਂ ਤਹਿਸੀਲਦਾਰ ਸ੍ਰ. ਹਰਬੰਸ ਸਿੰਘ ਕੋਰਵਾਲਾ ਨੇ ਦੱਸਿਆ ਕਿ ਮੇਰੀ ਬਦਲੀ ਬਠਿੰਡਾ ਤੋਂ ਫਰੀਦਕੋਟ ਵਿਖੇ ਹੋ ਗਈ ਸੀ। ਹੁਣ ਮੈਂ ਫਰੀਦਕੋਟ ਤੋਂ ਬਦਲ ਕਿ ਝੁਨੀਰ ਵਿਖੇ ਬਤੌਰ ਤਹਿਸੀਲਦਾਰ ਆਪਣਾ ਅਹੁਦਾ ਸੰਭਾਲ ਲਿਆ ਹੈ। ਉਨ੍ਹਾਂ ਕਿਹਾ ਕਿ ਹੁਣ ਆਮ ਪਬਲਿਕ ਨੂੰ ਦਫਤਰੀ ਕੰਮਾਂ ਲਈ ਕੋਈ ਦਿੱਕਤ ਨਹੀਂ ਆਵੇਗੀ।

ਘੱਟ ਗਿਣਤੀਆਂ ਨੂੰ ਕਰਜ਼ਾ ਯੋਜਨਾਵਾਂ ਦੀ ਜਾਣਕਾਰੀ ਲਈ ਕੈਂਪ ਲੱਗਾ

ਫਗਵਾੜਾ, 4 ਮਾਰਚ (ਜਸਵਿੰਦਰ ਢੱਡਾ)-ਰਾਸ਼ਟਰੀ ਘੱਟ ਗਿਣਤੀ ਵਿਕਾਸ ਅਤੇ ਵਿੱਤ ਕਾਰਪੋਰੇਸ਼ਨ, ਨਵੀਂ ਦਿੱਲੀ ਵੱਲੋਂ ਸਾਲ 2009-10 ਦੌਰਾਨ ਇੱਕ ਵਿਸ਼ੇਸ਼ ਖੰਡ ਵਿਕਾਸ ਪ੍ਰੋਗਰਾਮ ਉਲੀਕਿਆ ਗਿਆ ਹੈ। ਜਿਸ ਵਿੱਚ ਪੰਜਾਬ ਰਾਜ ਭਰ ਵਿੱਚੋਂ ਤਿੰਨ ਕਲੱਸਟਰ ਮਾਨਸਾ, ਫਗਵਾੜਾ ਅਤੇ ਅੰਮ੍ਰਿਤਸਰ ਸਥਾਪਤ ਕੀਤੇ ਜਾਂਦੇ ਹਨ। ਇਨ੍ਹਾਂ ਕਲੱਸਟਰਾਂ ਦਾ ਮਨੋਰਥ ਇਹ ਹੈ ਕਿ ਇਸ ਏਰੀਏ ਵਿੱਚ ਇਸ ਰਾਸ਼ਟਰੀ ਸੰਸਥਾ ਦਾ ਸੁਨੇਹਾ ਘਰ-ਘਰ ਪਹੁੰਚਾਇਆ ਜਾ ਸਕੇ ਅਤੇ ਘੱਟ ਗਿਣਤੀ ਵਰਗ ਲਈ ਉਪਲਬੱਧ ਕਰਜ਼ਾ ਸਕੀਮਾਂ ਦੀ ਜਾਣਕਾਰੀ ਮੌਕੇ 'ਤੇ ਹੀ ਪ੍ਰਦਾਨ ਕੀਤੀ ਜਾ ਸਕੇ। ਇਸ ਲੜੀ ਵਿੱਚ ਅੱਜ ਸਵੇਰੇ 11.00 ਵਜੇ ਗੁਰੂ ਨਾਨਕ ਲਾਇਬ੍ਰੇਰੀ ਟਾਊਨ ਹਾਲ ਫਗਵਾੜਾ ਵਿਖੇ ਵਿਸ਼ੇਸ਼ ਜਨ ਸੂਚਨਾ ਕੈਂਪ ਦਾ ਆਯੋਜਨ ਕੀਤਾ ਗਿਆ ਹੈ ਤਾਂ ਕਿ ਮੌਕੇ 'ਤੇ ਹੀ ਲੋੜਵੰਦ ਵਿਅਕਤੀਆਂ ਨੂੰ ਮਾਲੀ ਸਹਾਇਤਾ ਪ੍ਰਦਾਨ ਕੀਤੀ ਗਈ। ਉਨ੍ਹਾਂ ਦੀ ਸ਼ਨਾਖਤ ਕੀਤੀ ਗਈ ਅਤੇ ਬਿਨੈਪੱਤਰ ਭਰੇ ਗਏ। ਇਸ ਵਿਸ਼ੇਸ਼ ਪ੍ਰੋਗਰਾਮ ਤਹਿਤ ਫਗਵਾੜਾ ਕਲੱਸਟਰ ਵਿੱਚ ਮਾਲੀ ਸਾਲ ਦੌਰਾਨ 0.80 ਲੱਖ ਦੇ ਕਰਜ਼ੇ ਦੇਣ ਦਾ ਲਕਸ ਰੱਖਿਆ ਗਿਆ ਹੈ। ਇਸ ਦੀ ਵਿਆਜ ਦਰ 6 ਪ੍ਰਤੀਸ਼ਤ ਸਾਲਾਨਾ ਹੋਵੇਗੀ।ਇਸ ਪ੍ਰੋਗਰਾਮ ਨੂੰ ਲੋਕਪ੍ਰਿਆ ਬਣਾਉਣ ਲਈ ਲੋੜਵੰਦ ਵਿਅਕਤੀਆਂ ਦੀ ਸਹੂਲਤ ਲਈ ਜ਼ਿਲ੍ਹੇ ਦੇ ਵਧੀਕ ਡਿਪਟੀ ਕਮਿਸ਼ਨਰ (ਵਿਕਾਸ), ਬਲਾਕ ਵਿਕਾਸ ਅਧਿਕਾਰੀ, ਜ਼ਿਲ੍ਹਾ ਭਲਾਈ ਅਫਸਰ ਅਤੇ ਮਿਊਂਸਪਲ ਕੌਂਸਲ ਦਫਤਰਾਂ ਵਿੱਚ ਵਿਸ਼ੇਸ਼ ਬਾਕਸ ਰੱਖੇ ਜਾ ਰਹੇ ਹਨ, ਜਿੱਥੇ ਹਰ ਲੋੜਵੰਦ ਵਿਅਕਤੀ ਨੂੰ ਬਿਨੈਪੱਤਰ ਨਿਰਧਾਰਤ ਪ੍ਰੋਫਾਰਮੇ ਵਿਚ ਭਰ ਕੇ ਵੀ ਸਮੇਂ ਭੇਜਣ ਦੀ ਖੁੱਲ੍ਹ ਹੋਵੇਗੀ। ਘੱਟ ਗਿਣਤੀ ਵਰਗ ਨਾਲ ਸੰਬੰਧਤ (ਜਿਨ੍ਹਾਂ ਵਿੱਚ ਸਿੱਖ, ਮੁਸਲਮਾਨ, ਕ੍ਰਿਸਚਿਅਨ, ਪਾਰਸੀ ਅਤੇ ਬੋਧੀ) ਸ਼ਾਮਲ ਹਨ। ਜਿਨ੍ਹਾਂ ਦੀ ਸਾਲਾਨਾ ਆਮਦਨ ਸ਼ਹਿਰੀ ਖੇਤਰ ਵਿੱਚ 54500 ਅਤੇ ਪੇਂਡੂ ਇਲਾਕਿਆਂ ਵਿੱਚ 39500 ਰੁਪਏ ਤੋਂ ਘੱਟ ਹੈ, ਇਹ ਸਹੂਲਤ ਪ੍ਰਾਪਤ ਕਰਨ ਦੇ ਯੋਗ ਹਨ। ਇਸ ਮੌਕੇ ਸ੍ਰੀ ਲਖਵੀਰ ਸਿੰਘ ਸੁਪਰਡੈਂਟ, ਸ੍ਰੀ ਵਿਨੋਦ ਕੁਮਾਰ ਸਹਾਇਕ ਜਨਰਲ ਮੈਨੇਜਰ ਪਲਾਨਿੰਗ ਅਤੇ ਸ੍ਰੀ ਬੱਲਭਦਰ ਸੈਨ ਦੁੱਗਲ ਪ੍ਰਧਾਨ ਨਗਰ ਕੌਂਸਲ ਫਗਵਾੜਾ ਨੇ ਆਏ ਹੋਏ ਲੋੜਵੰਦ ਵਿਅਕਤੀਆਂ ਨੂੰ ਕਰਜ਼ਾ ਸਕੀਮਾਂ ਸੰਬੰਧੀ ਵਿਸਤਾਰਪੂਰਵਕ ਜਾਣਕਾਰੀ ਦਿੱਤੀ।

ਅੰਤਰ ਕਾਲਜ ਪ੍ਰਤੀਯੋਗਤਾ 'ਚ ਸਿੱਖ ਨੈਸ਼ਨਲ ਕਾਲਜ ਬੰਗਾ ਵੱਲੋਂ ਸ਼ਾਨਦਾਰ ਪ੍ਰਦਰਸ਼ਨ

ਬੰਗਾ, 4 ਫਰਵਰੀ (ਰਾਜ ਮਜਾਰੀ)-ਸਿੱਖ ਨੈਸ਼ਨਲ ਕਾਲਜ ਬੰਗਾ ਦੇ ਵਿਦਿਆਰਥੀਆਂ ਨੇ ਵੱਖ-ਵੱਖ ਕਲਾ ਮੁਕਾਬਲਿਆਂ ਵਿੱਚ ਕੌਮੀ ਪੱਧਰ 'ਤੇ ਹੋਈ ਅੰਤਰ ਕਾਲਜ ਪ੍ਰਤੀਯੋਗਤਾ ਵਿੱਚ ਸ਼ਾਨਦਾਰ ਪ੍ਰਦਰਸ਼ਨ ਨਾਲ ਕਾਲਜ ਦਾ ਨਾਮ ਰੌਸ਼ਨ ਕੀਤਾ। ਕਾਲਜ ਦੇ ਪ੍ਰਿੰਸੀਪਲ ਡਾ. ਧਰਮਜੀਤ ਸਿੰਘ ਨੇ ਕਿਹਾ ਕਿ ਦੋਆਬਾ ਕਾਲਜ ਜਲੰਧਰ 'ਚ ਆਯੋਜਿਤ ਮੀਡੀਆ ਫੈਗਟ ਦੌਰਾਨ ਜਰਨਲਿਜ਼ਮ ਐਂਡ ਮਾਸ ਕਮਿਊਨੀਕੇਸ਼ਨ ਅਤੇ ਕਾਲਜ ਦੇ ਨਾਟਕ ਵਿਭਾਗ ਦੇ ਵਿਦਿਆਰਥੀਆਂ ਨੇ ਆਪਣੀ ਕਲਾ ਦੇ ਜੌਹਰ ਦਿਖਾਏ। ਪ੍ਰਿੰਟ ਮੀਡੀਆ ਵਿੱਚ ਰਿਪੋਰਟ ਲਿਖਣ ਲਈ ਕਰਵਾਏ ਮੁਕਾਬਲਿਆਂ 'ਚ ਸੰਜੀਵ ਕੁਮਾਰ ਨੇ ਦੂਜਾ ਸਥਾਨ ਹਾਸਿਲ ਕੀਤਾ। ਮਨਦੀਪ ਕੌਰ ਨੇ ਰੇਡੀਓ ਜੋਕਿੰਗ ਵਿੱਚ, ਮੁਖਤਿਆਰ ਸਿੰਘ ਨੇ ਕੋਲਾਜ਼ ਮੇਕਿੰਗ 'ਚ ਜੈਸਮਿਨ, ਹਰਦੀਪ ਕੁਮਾਰ ਅਤੇ ਕੁਲਵਿੰਦਰ ਥਿੰਦ ਨੇ ਫੇਸ ਬੁੱਕ ਵਿੱਚ ਵਿਸ਼ੇਸ਼ ਇਨਾਮ ਪ੍ਰਾਪਤ ਕੀਤੇ। ਇਸ ਤੋਂ ਇਲਾਵਾ ਡਾ. ਦਵਿੰਦਰ ਕੁਮਾਰ ਸ਼ਰਮਾ ਦੁਆਰਾ ਨਿਰਦੇਸ਼ਤ ਕੋਰੀਓਗ੍ਰਾਫੀ "ਜਰਨੀ ਆਫ ਇੰਡੀਆ ਸਿਨੇਮਾ" ਨੂੰ ਦਰਸ਼ਕਾਂ ਵੱਲੋਂ ਭਰਵਾਂ ਹੁੰਗਾਰਾ ਮਿਲਿਆ। ਕਾਲਜ ਦੇ ਪ੍ਰਿੰਸੀਪਲ ਨੇ ਅਧਿਆਪਕਾਂ ਅਤੇ ਵਿਦਿਆਰਥੀਆਂ ਨੂੰ ਵਧੇਰੇ ਮਿਹਨਤ ਕਰਨ ਲਈ ਪ੍ਰੇਰਿਤ ਕਰਦਿਆਂ ਕਿਹਾ ਕਿ ਕਾਲਜ ਵੱਲੋਂ ਵਿਦਿਆਰਥੀਆਂ ਨੂੰ ਵੱਖ-ਵੱਖ ਕਲਾਵਾਂ ਨੂੰ ਨਿਖਾਰਨ ਲਈ ਅਤੇ ਪਰਿਪੱਕ ਹੋਣ ਲਈ ਮੰਚ ਅਤੇ ਮੌਕੇ ਦੇਣ ਦੇ ਹਰ ਸੰਭਵ ਯਤਨ ਕੀਤੇ ਜਾਣਗੇ। ਪ੍ਰੋ. ਐੱਸ.ਕੇ. ਸ਼ਰਮਾ ਨੇ ਵਿਦਿਆਰਥੀਆਂ ਦੇ ਉਦਮ ਦੀ ਪ੍ਰਸ਼ੰਸਾ ਕਰਦਿਆਂ ਪ੍ਰੋ. ਰੁਚਿਕਾ ਚਾਵਲਾ ਨੂੰ ਇਸ ਉਪਲੱਬਧੀ 'ਤੇ ਵਧਾਈ ਦਿੱਤੀ।

ਮੁਲਾਜ਼ਮਾਂ ਨੂੰ ਬਣਦੇ ਹੱਕ ਦਿੱਤੇ ਜਾਣ ਦੀ ਮੰਗ

ਸਮਾਲਸਰ, 4 ਮਾਰਚ (ਕੰਵਲਜੀਤ ਸਿੰਘ ਭੋਲਾ)-ਆਈ.ਟੀ.ਆਈਜ਼ ਮੁਲਾਜ਼ਮ ਐਸੋਸੀਏਸ਼ਨ ਡਵੀਜ਼ਨ ਬਾਘਾ ਪੁਰਾਣਾ ਦੀ ਇੱਕ ਵਿਸ਼ੇਸ਼ ਇਕੱਤਰਤਾ ਪ੍ਰਧਾਨ ਲਖਵਿੰਦਰ ਸਿੰਘ ਸੰਧੂ ਦੀ ਪ੍ਰਧਾਨਗੀ ਹੇਠ ਸਬ ਡਵੀਜ਼ਨ ਸਮਾਲਸਰ ਵਿਖੇ ਹੋਈ, ਜਿਸ ਵਿੱਚ ਜਗਸੀਰ ਸਿੰਘ ਤਖਤੂਪੁਰਾ, ਅਮਰਜੀਤ ਸਿੰਘ ਬਰਾੜ ਸਰਕਲ ਪ੍ਰਧਾਨ ਜੋਗਿੰਦਰ ਸਿੰਘ ਧਰਮਕੋਟ, ਅਮਰਜੀਤ ਸਿੰਘ ਮਾਲੇਰਕੋਟਲਾ, ਗੁਰਮੇਲ ਸਿੰਘ ਮੋਗਾ, ਗੁਰਮੇਲ ਸਿੰਘ ਰਾਜਿਆਣਾ, ਗੁਰਪ੍ਰੀਤ ਸਿੰਘ, ਦਰਬਾਰਾ ਸਿੰਘ ਤਖਤੂਪੁਰਾ, ਅਵਤਾਰ ਸਿੰਘ ਘੋਲੀਆ, ਜਸਵੰਤ ਸਿੰਘ ਅੰਬਾਲਾ ਆਦਿ ਬੁਲਾਰਿਆਂ ਨੇ ਆਪਣੀਆਂ ਨੌਕਰੀਆਂ ਦੀ ਬਹਾਲੀ ਲਈ ਈ.ਟੀ.ਟੀ. ਅਧਿਆਪਕਾਂ ਤੇ ਕੀਤੇ ਲਾਠੀਚਾਰਜ ਦੀ ਸਖਤ ਸ਼ਬਦਾਂ ਵਿੱਚ ਨਿਖੇਧੀ ਕੀਤੀ।

ਜਨਮ ਦਿਨ ਮੁਬਾਰਕ



ਸਾਹਿਲ ਉੱਪਲ ਪੁੱਤਰ ਅਨਿਲ ਕੁਮਾਰ ਉੱਪਲ, ਮਾਤਾ ਨੀਲਮ ਉੱਪਲ (ਜਲੰਧਰ)